ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜਕਾਂ-1 ਸ਼ਾਖਾ)

ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਜਿਵੇ ਕਿ ਸ੍ਰੀ ਬਲਵਿੰਦਰ ਸਿੰਘ, ਕਾਰਜਕਾਰੀ ਇੰਜੀਨੀਅਰ ਨੂੰ ਸਰਕਾਰ ਦੇ ਪੱ.ਨੰ: 10/105/2017-ਏਸ1(2)/1084945/1 ਮਿਤੀ 16-10-2017 ਰਾਹੀ ਪੰਜਾਬ ਸਿਵਲ ਸੇਵਾਵਾਂ ( ਸਜਾ ਅਤੇ ਅਪੀਲ) ਰੂਲਜ-1970 ਦੇ ਨਿਯਮ 10 ਅਧੀਨ ਹੇਠ ਲਿਖੇ ਦੋਸ਼ਾਂ ਤਹਿਤ ਕਾਰਨ ਦੱਸੋ ਨੋਟਿਸ ਜਾਰੀ ਕੀਤੀ ਗਿਆ ਸੀ:-

" ਸਿਵਲ ਰਿਟ ਪਟੀਸਨ ਨੰ: 6275 ਆਫ 2015 ਵਿੱਚ ਮਾਨਯੋਗ ਹਾਈਕੋਰਟ ਵਲੋ ਮਿਤੀ 19.01.2017 ਨੂੰ ਪ੍ਰਾਰਥੀ ਦੀ ਜਮੀਨ ਨੂੰ ਬਿਨਾਂ ਐਕਵਾਇਰ ਕੀਤੇ ਸੜਕ ਬਨਾਉਣ ਕਾਰਨ 01 ਲੱਖ ਰੁਪਏ ਦੀ ਵਿਭਾਗ ਨੂੰ ਜੁਰਮਾਨਾਂ 01 ਮਹੀਨੇ ਵਿੱਚ ਅਦਾ ਕਰਨ ਦੇ ਹੁਕਮ ਹੋਏ ਸਨ। 01 ਲੱਖ ਰੁਪਏ ਦੀ ਅਦਾਇਗੀ ਸਬੰਧੀ ਪ੍ਰਵਾਨਗੀ ਦੀ ਮਿਤੀ 22.03.2017 ਦੇ ਦਿੱਤੀ ਗਈ ਸੀ ਪ੍ਰੰਤੂ ਕਾਰਕਜਾਰੀ ਇੰਜੀਨੀਅਰ ਵੱਲੋਂ ਮਾਰਚ ਮਹੀਨੇ ਵਿੱਚ ਪ੍ਰਵਾਨਗੀ ਪ੍ਰਾਪਤ ਹੋਣ ਦੇ ਬਾਵਜੂਦ ਅਦਾਇਗੀ ਕਰਨ ਲਈ ਕੋਈ ਕਦਮ ਨਹੀਂ ਚੁੱਕੇ ਗਏ ਅਤੇ ਕੋਰਟ ਦੇ ਹੁਕਮਾਂ ਅਨੁਸਾਰ ਜਮੀਨ ਐਕਵਾਇਰ ਕਰਨ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ।

2. ਜਿਵੇ ਕਿ ਸ੍ਰੀ ਬਲਵਿੰਦਰ ਸਿੰਘ , ਕਾਰਜਕਾਰੀ ਇੰਜੀਨੀਅਰ ਵਲੋ ਪੱ.ਨੰ: 560 ਮਿਤੀ 14- 11-2017 ਰਾਹੀ ਜਵਾਬ ਦਿੰਦੇ ਹੋਏ ਆਪਣੇ ਉੱਤੇ ਲੱਗੇ ਦੋਸ਼ਾਂ ਨੂੰ ਮੰਨਣ ਤੋਂ ਇਨਕਾਰ ਕੀਤਾ। ਸ੍ਰੀ ਬਲਵਿੰਦਰ ਸਿੰਘ, ਕਾਰਜਕਾਰੀ ਇੰਜੀਨੀਅਰ ਵਲੋ ਦਿੱਤੇ ਜਵਾਬ ਤੇ ਮੁੱਖ ਇੰਜੀਨੀਅਰ,ਲੋਕ ਨਿਰਮਾਣ ਵਿਭਾਗ, ਪਟਿਆਲਾ ਦੀ ਟਿੱਪਣੀ ਮੰਗੀ ਗਈ। ਮੁੱਖ ਇੰਜੀਨੀਅਰ ਵਲੋ ਪੱ.ਨੰ: 141/ਪੜਤਾਲ ਮਿਤੀ 17-1-2018 ਰਾਹੀ ਟਿੱਪਣੀ ਭੇਜਦੇ ਹੋਏ ਦੱਸਿਆ ਕਿ ਐਕਵਾਇਰ ਕੀਤੀ ਗਈ ਜਮੀਨ ਦੀ 90,00,000/- ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ, ਜਮੀਨ ਦੀ ਰਜਿਸਟਰੀ ਵੀ ਕਰਵਾ ਲਈ ਗਈ ਹੈ। ਮਾਨਯੋਗ ਹਾਈਕੋਰਟ ਦੇ ਫੈਸਲੇ ਦੇ ਸਨਮੁੱਖ ਕੇਸ ਦਾ ਹਰ ਪੱਖੋਂ ਨਿਪਟਾਰਾ ਅੰਤਿਮ ਮਿਤੀ ਤੋ ਪਹਿਲਾਂ ਹੋ ਚੁੱਕਾ ਸੀ।

3. ਜਿਵੇ ਕਿ ਕੇਸ ਦੇ ਤੱਥਾਂ ਨੂੰ ਵਿਚਾਰਦੇ ਹੋਏ ਸ੍ਰੀ ਬਲਵਿੰਦਰ ਸਿੰਘ, ਕਾਰਜਕਾਰੀ ਇੰਜੀਨੀਅਰ ਨੂੰ ਮਿਤੀ 29-6-2018 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ । ਨਿੱਜੀ ਸੁਣਵਾਈ ਸਮੇ ਪੇਸ਼ ਕੀਤੇ ਗਏ ਤੱਥਾਂ ਵਿੱਚ ਦੱਸਿਆ ਗਿਆ ਕਿ ਪਟੀਸ਼ਨਕਰਤਾ ਨੂੰ ਜਮੀਨ ਦਾ ਮੁਆਵਜਾ ਪ੍ਰਾਈਵੇਟ ਨੈਗੋਸੀਏਸ਼ਨ ਰਾਹੀ ਅਧਿਗ੍ਰਹਿਣ ਕਰਨ ਹਿੱਤ ਪ੍ਰਾਈਜ ਫਿਕਸੇਸ਼ਨ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਸ੍ਰੀ ਸਿੰਗਾਰਾ ਸਿੰਘ ਅਤੇ ਉਸ ਦੇ ਦੋਨੋ ਪੋਤਰੇ ਸ੍ਰੀ ਗੁਰਪਾਲ ਸਿੰਘ ਅਤੇ ਸ੍ਰੀ ਪ੍ਰਭਸ਼ਰਨ ਸਿੰਘ ਵੱਲੋਂ 37.5 ਲੱਖ ਰੁਪਏ ਪ੍ਰਤੀ ਏਕੜ ਦੇ ਰੇਟ ਤੇ ਸਹਿਮਤੀ ਪ੍ਰਗਟਾਈ ਗਈ ਸੀ। ਉਕਤ ਰੇਟ ਦੇ ਹਿਸਾਬ ਨਾਲ ਕੁੱਲ ਰਕਬਾ 9 ਕਨਾਲ 12 ਮਰਲੇ ਦਾ ਕੁੱਲ ਰੇਟ 45,00,000/- ਰੁਪਏ ਬਣਦਾ ਸੀ ਜਿਸ ਵਿੱਚ 100% ਸੋਲੀਸੀਅਮ ਮਿਲਾ ਕੇ ਕੁੱਲ ਰਕਮ 90,00,000/- ਰੁਪਏ ਬਣਦੀ ਸੀ, ਦਿੱਤੀ ਗਈ ਹੈ। ਜਿਸ ਨੂੰ ਸਿੰਗਾਰਾ ਸਿੰਘ ਅਤੇ ਉਸ ਦੇ ਦੋਨੇ ਪੋਤਰੇ ਸ੍ਰੀ ਗੁਰਪਾਲ ਸਿੰਘ ਅਤੇ ਸ੍ਰੀ ਪ੍ਰਭਸ਼ਰਨ ਸਿੰਘ ਵੱਲੋਂ ਪ੍ਰਵਾਨ ਕਰ ਲਿਆ ਗਿਆ ਸੀ। ਇਸ ਤੋਂ ਇਲਾਵਾ ਸ੍ਰੀ ਸਿੰਗਾਰਾ ਸਿੰਘ ਵੱਲੋਂ ਪ੍ਰਾਈਜ਼ ਫਿਕਸ਼ੇਸ਼ਨ ਕਮੇਟੀ ਦੇ ਸਾਹਮਣੇ ਲਿਖਤੀ ਤੌਰ ਤੇ ਇਹ ਬਿਆਨ ਦਿੱਤਾ ਗਿਆ ਸੀ ਕਿ ਉਸ ਵੱਲੋਂ ਇਸ ਮਾਮਲੇ ਸਬੰਧੀ ਅੱਗੇ ਹੋਰ ਕੋਈ ਵੀ ਕਾਨੂੰਨੀ ਲੜਾਈ ਨਹੀਂ ਲੜੀ ਜਾਵੇਗੀ।

ਉਕਤ ਕੇਸ ਵਿੱਚ ਸ੍ਰੀ ਬਲਵਿੰਦਰ ਸਿੰਘ, ਕਾਰਜਕਾਰੀ ਇੰਜੀਨੀਅਰ ਨੂੰ ਜਾਰੀ ਕੀਤੇ ਗਏ ਸ਼ੋ ਕਾਜ ਨੋਟਿਸ ਦੇ ਸਬੰਧ ਵਿੱਚ ਦਿੱਤੇ ਗਏ ਜਵਾਬ ਨੂੰ ਰਿਕਾਰਡ ਅਤੇ ਮਾਨਯੋਗ ਹਾਈਕੋਰਟ ਵੱਲੋਂ ਕੀਤੇ ਗਏ ਹੁਕਮ

ਮਿਤੀ 19.1.2017 ਨੂੰ ਵਾਚਣ ਉਪਰੰਤ ਪਾਇਆ ਗਿਆ ਹੈ ਕਿ ਮਾਨਯੋਗ ਹਾਈਕੋਰਟ ਵੱਲੋਂ ਇਨ੍ਹਾਂ ਹੁਕਮਾਂ ਵਿੱਚ ਇੱਕ ਲੱਖ ਰੁਪਏ ਜੁਰਮਾਨਾ ਇਸ ਕਰਕੇ ਪਾਇਆ ਗਿਆ ਹੈ ਕਿਉਂਕਿ ਵਿਭਾਗ ਵੱਲੋਂ ਬਿਨਾਂ ਜਮੀਨ ਐਕੁਆਇਰ/ਮੁਆਵਜ਼ਾ ਦਿੱਤੇ ਪਟੀਸ਼ਨਰ ਦੀ ਜ਼ਮੀਨ ਤੇ ਸੜਕ ਬਣਾ ਕੇ ਵਰਤ ਰਿਹਾ ਸੀ। ਇਸ ਲਈ ਸ੍ਰੀ ਬਲਵਿੰਦਰ ਸਿੰਘ ਕਾਰਜਕਾਰੀ ਇੰਜੀਨੀਅਰ ਵੱਲੋਂ ਦਿੱਤੇ ਜਵਾਬ ਅਤੇ ਮਾਨਯੋਗ ਹਾਈਕੋਰਟ ਵੱਲੋਂ ਕੀਤੇ ਗਏ ਹੁਕਮਾਂ ਅਨੁਸਾਰ ਇਸ ਅਧਿਕਾਰੀ ਦਾ ਦੋਸ਼ ਨਹੀਂ ਬਣਦਾ ਹੈ।

4. ਹੁਣ ਸ੍ਰੀ ਬਲਵਿੰਦਰ ਸਿੰਘ, ਕਾਰਜਕਾਰੀ ਇੰਜੀਨੀਅਰ ਨੂੰ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸ, ਉਸ ਵਲੋ ਦਿੱਤੇ ਗਏ ਜਵਾਬ, ਮੁੱਖ ਇੰਜੀਨੀਅਰ ਵਲੋ ਦਿੱਤੀ ਗਈ ਟਿੱਪਣੀ ਅਤੇ ਨਿੱਜੀ ਸੁਣਵਾਈ ਸਮੇਂ ਪੇਸ਼ ਕੀਤੇ ਗਏ ਤੱਥਾਂ/ ਰਿਕਾਰਡ ਨੂੰ ਗਹੁ ਨਾਲ ਵਿਚਾਰਨ ਉਪਰੰਤ ਇਸ ਅਧਿਕਾਰੀ ਨੂੰ ਜਾਰੀ ਕੀਤੇ ਕਾਰਨ ਦੱਸੋ ਨੋਟਿਸ ਨੂੰ ਦਾਖਲ ਦਫਤਰ ਕਰਨ ਦਾ ਫੈਸਲਾ ਕੀਤਾ ਜਾਂਦਾ ਹੈ।

5. ਇਹ ਹੁਕਮ ਮਾਨਯੋਗ ਲੋਕ ਨਿਰਮਾਣ ਮੰਤਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਹੁਸਨ ਲਾਲ, ਆਈ.ਏ.ਐਸ
ਸਕੱਤਰ, ਪੰਜਾਬ ਸਰਕਾਰ,
ਲੋਕ ਨਿਰਮਾਣ ਵਿਭਾਗ।

ਮਿਤੀ,ਚੰਡੀਗੜ੍ਹ:
11-07-2018

ਪਿੱਠ.ਅੰ.ਨੰ: 10/105/2017-ਇਸ1(2)/ 1271583/3 ਮਿਤੀ,ਚੰਡੀਗੜ: 13/07/18

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਇੰਜੀਨੀਅਰ, ਹੈਡ.ਕੁਆਟਰ, ਲੋਕ ਨਿਰਮਾਣ ਵਿਭਾਗ, ਭ ਤੇ , ਪਟਿਆਲਾ ਨੂੰ ਉਨਾਂ ਦੇ ਮੀਮੋ ਨੰ:(ਸ-3)/1142/ਪੜਤਾਲ ਮਿਤੀ 4-6-2018 ਦੇ ਹਵਾਲੇ ਵਿੱਚ।
2. ਸ੍ਰੀ ਬਲਵਿੰਦਰ ਸਿੰਘ, ਕਾਰਜਕਾਰੀ ਇੰਜੀਨੀਅਰ, ਉਸਾਰੀ ਡਵੀਜਨ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਸਰਹਿੰਦ।
3. ਡਿਪਟੀ ਡਾਇਰੈਕਟਰ, ਆਈ.ਟੀ, ਦਫਤਰ ਮੁੱਖ ਇੰਜੀਨੀਅਰ, ਪੀ.ਆਰ.ਬੀ.ਡੀ.ਬੀ, ਮੁਹਾਲੀ ਨੂੰ ਲੋੜੀਂਦੀ ਕਾਰਵਾਈ ਹਿੱਤ।

ਵਿਸੇਸ਼ ਸਕੱਤਰ ਲੋਕ ਨਿਰਮਾਣ